# AP SUPER GURU MODEL TEST PAPER – 2

## MATHEMATICS (UNSOLVED)

Time Allowed : 3 Hours | CLASS – X | Maximum Marks : 80

**ਨੋਟ**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਭਾਗ-ੳ ਪ੍ਰਸ਼ਨ ਨੰ. 1 ਤੋਂ 3 ਤੱਕ ਹੋਣਗੇ।
   (*i*) ਪ੍ਰਸ਼ਨ 1 ਵਿੱਚ, 16 ਪ੍ਰਸ਼ਨ ਬਹੁ-ਵਿਕਲਪੀ ਉੱਤਰਾਂ ਵਾਲੇ 1-1 ਅੰਕ ਵਾਲੇ ਹੋਣਗੇ।
   (*ii*) ਪ੍ਰਸ਼ਨ 2 ਵਿੱਚ, 7 ਪ੍ਰਸ਼ਨ ਸਹੀ/ਗਲਤ ਉੱਤਰਾਂ ਵਾਲੇ 1-1 ਅੰਕ ਵਾਲੇ ਹੋਣਗੇ।
   (*iii*) ਪ੍ਰਸ਼ਨ 3 ਵਿੱਚ, 7 ਪ੍ਰਸ਼ਨ ਖਾਲੀ ਸਥਾਨ ਭਰਨ ਵਾਲੇ 1-1 ਅੰਕ ਵਾਲੇ ਹੋਣਗੇ।
3. ਭਾਗ-ਅ ਵਿੱਚ, ਪ੍ਰਸ਼ਨ ਨੰ. 4 ਤੋਂ 7 ਤੱਕ ਹਰੇਕ ਪ੍ਰਸ਼ਨ 2 ਅੰਕ ਵਾਲੇ ਹਨ।
4. ਭਾਗ-ੲ ਵਿੱਚ, ਪ੍ਰਸ਼ਨ ਨੰ. 8 ਤੋਂ 13 ਤੱਕ 4 ਅੰਕ ਵਾਲੇ ਹਨ। ਇਨ੍ਹਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੂਟ ਹੋਵੇਗੀ। ਅੰਦਰੂਨੀ ਛੋਟ ਵਾਲਾ ਇੱਕ ਪ੍ਰਸ਼ਨ ਕੇਸ ਸੱਟਡੀ ਨਾਲ ਸੰਬੰਧਿਤ ਹੋਵੇਗਾ।
5. ਭਾਗ-ਸ ਵਿੱਚ ਪ੍ਰਸ਼ਨ 14 ਤੋਂ 16 ਤੱਕ 6 ਅੰਕ ਵਾਲੇ ਹਨ, ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ।

### ਭਾਗ — ੳ

**1. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ :**

(*i*) ਦੋ ਘਾਤੀ ਬਹੁਪਦ ਦੀਆਂ ਵੱਧ ਤੋਂ ਵੱਧ ਕਿੰਨੀਆਂ ਸਿਫਰਾਂ ਹੁੰਦੀਆਂ ਹਨ ?

(*a*) 0 (*b*) 1 (*c*) 2 (*d*) 3

(*ii*) ਸਮੀਕਰਣ $2x - 5y = 8$ ਦੇ ਕਿੰਨੇ ਹੱਲ ਹੋਣਗੇ ?

(*a*) ਇੱਕ ਹੱਲ ਹੋਵੇਗਾ (*b*) ਦੋ ਹੱਲ ਹੋਣਗੇ (*c*) ਅਸੀਮਿਤ ਰੂਪ ਵਿੱਚ ਅਨੇਕ (*d*) ਕੋਈ ਹੱਲ ਨਹੀਂ ਹੋਵੇਗਾ

(*iii*) ਹੇਠਾਂ ਦਿੱਤੇ ਸਮੀਕਰਣਾਂ ਵਿੱਚੋਂ ਕਿਹੜੀ ਦੋ ਚਲਾਂ ਵਾਲੀ ਰੇਖੀ ਸਮੀਕਰਣ ਹੈ :

(*a*) $4x - 3 = 5$ (*b*) $2x + 4y + 7 = 0$ (*c*) $4x^2 - 3x + 5 = 0$
(*d*) $ax^2 + bx + c$

(*iv*) ਜਾਂਚ ਕਰੋ ਕਿ ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਦੋ ਘਾਤੀ ਸਮੀਕਰਣ $x^2 + 5x - 6 = 0$ ਦਾ ਸਿਫਰ ਹੈ :

(*a*) 2 (*b*) 3 (*c*) 1 (*d*) 0

(*v*) ਅੰਕਗਣਿਤਿਕ ਲੜੀ 3, 7, 11, ............ ਦਾ 10ਵਾਂ ਪਦ ਹੋਵੇਗਾ ?

(*a*) 46 (*b*) 39 (*c*) 41 (*d*) 50

(*vi*) ਦੋ ਸਮਰੂਪ ਤ੍ਰਿਭੁਜਾਂ ਦੀਆਂ ਸੰਗਤ ਭੁਜਾਵਾਂ ਦਾ ਅਨੁਪਾਤ 4 : 9 ਹੈ। ਇਹਨਾਂ ਤ੍ਰਿਭੁਜਾਂ ਦੇ ਪਰਿਮਾਪ ਦਾ ਅਨੁਪਾਤ ਹੋਵੇਗਾ:

(*a*) 4 : 9 (*b*) 2 : 3 (*c*) 16 : 81 (*d*) ਇਹਨਾ ਵਿੱਚੋਂ ਕੋਈ ਨਹੀਂ

(*vii*) ਜੇਕਰ PA ਅਤੇ PB ਕੇਂਦਰ 'O' ਵਾਲੇ ਕਿਸੇ ਚੱਕਰ 'ਤੇ ਦੋ ਸਪਰਸ਼ ਰੇਖਾਵਾਂ ਇਸ ਤਰ੍ਹਾਂ ਹਨ ਕਿ $\angle APB = 60°$ ਹੋਵੇ ਤਾਂ $\angle AOB$ ਦਾ ਮੁੱਲ ਹੈ :




(*a*) 60° (*b*) 100° (*c*) 120° (*d*) 180°



Scanned by CamScanner

(*viii*) $x$-ਧੁਰੇ ਤੋਂ ਬਿੰਦੂ A(–3, –2) ਦੀ ਦੂਰੀ ਹੈ :

(*a*) –2 (*b*) 2 (*c*) 3 (*d*) –3

(*ix*) ਕਿਸੇ ਵੀ ਦੋ ਧਨਾਤਮਕ ਸੰਪੂਰਨ ਸੰਖਿਆਵਾਂ 'a' ਅਤੇ 'b' ਦੇ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ:

(*a*) HCF (a,b) × LCM (a, b) = a + b (*b*) HCF (a,b) × LCM (a, b) = a × b

(*c*) HCF (a,b) × LCM (a, b) = a – b (*d*) HCF (a,b) × LCM (a, b) = a ÷ b

(*x*) $(1 + \tan\theta + \sec\theta)(1 + \cot\theta - \operatorname{cosec}\theta)$ = ......... ਹੈ।

(*a*) 2 (*b*) 0 (*c*) –1 (*d*) 1

(*xi*) ਜੇਕਰ ਇੱਕ ਚੱਕਰ ਦਾ ਘੇਰਾ ਵਰਗ ਦੇ ਘੇਰੇ ਦੇ ਬਰਾਬਰ ਹੋਵੇ ਤਾਂ ਚੱਕਰ ਦੀ ਅਰਧ ਵਿਆਸ ਅਤੇ ਵਰਗ ਦੀ ਭੁਜਾ ਵਿੱਚ ਅਨੁਪਾਤ ਹੋਵੇਗਾ :

(*a*) 22 : 7 (*b*) 14 : 11 (*c*) 7 : 22 (*d*) 11 : 14

(*xii*) '$r$' ਅਰਧ ਵਿਆਸ ਵਾਲੇ ਅਰਧ ਗੋਲੇ ਦੀ ਸਤ੍ਹਾ ਦਾ ਖੇਤਰਫਲ ਕਿੰਨਾ ਹੋਵੇਗਾ ?

(*a*) $\pi r^2$ (*b*) $2\pi r^2$ (*c*) $3\pi r^2$ (*d*) $4\pi r^2$

(*xiii*) ਹੇਠਾਂ ਲਿਖਿਆਂ ਵਿੱਚੋਂ ਕਿਹੜੀ ਸੰਖਿਆ ਅਪਰਿਮੇਯ ਸੰਖਿਆ ਹੈ?

(*a*) $\sqrt{4}$ (*b*) $\sqrt{25}$ (*c*) $\sqrt{5}$ (*d*) 1.6

(*xiv*) ਸੰਖਿਆਵਾਂ 4, 15, 19, 21, 6 ਦੀ ਮੱਧਿਕਾ ਹੈ :

(*a*) 4 (*b*) 6 (*c*) 15 (*d*) 19

(*xv*) ਆਈਸਕਰੀਮ ਕੋਣ ਦਾ ਆਕਾਰ ਕਿੰਨਾਂ ਦੋ ਦਾ ਮਿਸ਼ਰਨ ਹੈ ?

(*a*) ਗੋਲਾ + ਸਿਲੰਡਰ (*b*) ਗੋਲਾ + ਸ਼ੰਕੂ (*c*) ਅਰਧ ਗੋਲਾ + ਬੇਲਣ (*d*) ਅਰਧ ਗੋਲਾ + ਸ਼ੰਕੂ

(*xvi*) ........... ਘਟਨਾ ਦੀ ਸੰਭਾਵਨਾ 0 ਹੈ।

(*a*) ਅਸੰਭਵ (*b*) ਸੰਭਵ (*c*) ਸਾਰੇ (*d*) ਕੋਈ ਨਹੀਂ

**2. ਸਹੀ/ਗਲਤ ਉੱਤਰ ਦੀ ਚੋਣ ਕਰੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ :**

(*i*) ਦੋ ਘਾਤੀ ਬਹੁਪਦ ਦੀ ਵੱਧ ਤੋਂ ਵੱਧ ਘਾਤ ਤਿੰਨ ਹੁੰਦੀ ਹੈ। (ਸਹੀ/ਗਲਤ)

(*ii*) ਦੋ ਘਾਤੀ ਸਮੀਕਰਣ $4x^2 - 5x + 6 = 0$ ਦੇ ਮੂਲ ਵਾਸਤਵਿਕ ਅਤੇ ਬਰਾਬਰ ਹਨ। (ਸਹੀ/ਗਲਤ)

(*iii*) ਅੰਕ ਗਣਿਤਿਕ ਲੜੀ 3, 8, 13, 18 ਦਾ ਸਾਂਝਾ ਅੰਤਰ 5 ਹੈ। (ਸਹੀ/ਗਲਤ)

(*iv*) ਜੇਕਰ $\Delta ABC \sim \Delta PQR$ ਹੈ ਤਾਂ $\frac{AB}{PQ} = \frac{BC}{PR}$ ਹੈ। (ਸਹੀ/ਗਲਤ)

(*v*) ਜੇਕਰ P($k$, 4), ਬਿੰਦੂਆਂ A(–6, 5) ਅਤੇ B(–2, 3) ਨੂੰ ਮਿਲਾਉਣ ਵਾਲੇ ਰੇਖਾਖੰਡ ਦਾ ਮੱਧ ਬਿੰਦੂ ਹੈ ਤਾਂ $k$ ਦਾ ਮੁੱਲ –4 ਹੋਵੇਗਾ। (ਸਹੀ/ਗਲਤ)

(*vi*) $\frac{1+\tan^2 A}{1+\cot^2 A} = \tan^2 A$ (ਸਹੀ/ਗਲਤ)

(*vii*) ਇੱਕ ਪਾਸੇ ਨੂੰ ਇੱਕ ਵਾਰ ਸੁੱਟਣ 'ਤੇ ਇੱਕ ਟਾਂਕ ਸੰਖਿਆ ਦੀ ਸੰਭਾਵਨਾ $\frac{1}{3}$ ਹੈ। (ਸਹੀ/ਗਲਤ)

**3. ਖਾਲੀ ਸਥਾਨ ਭਰੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ :**

(*i*) ਜੇਕਰ ਦੋ ਰੇਖਾਵਾਂ ਇੱਕ ਬਿੰਦੂ ਤੇ ਕੱਟਦੀਆਂ ਹੋਣ ਤਾਂ ਰੇਖੀ ਸਮੀਕਰਣ ਜੋੜੇ ਦਾ ............... ਹੱਲ ਹੁੰਦਾ ਹੈ।

(*ii*) ਸਾਰੀਆਂ ਸਮਭੁਜ ਤ੍ਰਿਭੁਜਾਂ ............ ਹੁੰਦੀਆਂ ਹਨ।

Scanned by CamScanner

(*iii*) $\frac{1+\sin A}{\cos A}$ = ........ ਦੇ ਬਰਾਬਰ ਹੁੰਦਾ ਹੈ।

(*iv*) ਅਰਧ ਚੱਕਰ ਦਾ ਪਰਿਮਾਪ ............ ਹੈ।

(*v*) ਘਣ ਦੀ ਕੁੱਲ ਸਤ੍ਹਾ ਦਾ ਖੇਤਰਫਲ ............ ਹੈ।

(*vi*) .......... ਸਭ ਤੋਂ ਵੱਧ ਵਾਰ ਆਉਣ ਵਾਲਾ ਪ੍ਰੇਖਣ ਹੁੰਦਾ ਹੈ।

(*vii*) ਕਿਸੇ ਘਟਨਾ ਦੀ ਸੰਭਾਵਨਾ ............. ਅਤੇ ............... ਵਿਚਕਾਰ ਹੁੰਦੀ ਹੈ।

## ਭਾਗ — ਅ

**ਨੋਟ : ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।**

4. ਸੰਖਿਆਵਾਂ 45, 36 ਅਤੇ 63 ਦਾ ਅਭਾਜ ਗੁਣਨਖੰਡ ਵਿਧੀ ਰਾਹੀਂ ਮ: ਸ: ਵ: (HCF) ਪਤਾ ਕਰੋ।

5. ਇੱਕ ਦੋ ਘਾਤੀ ਬਹੁਪਦ ਪਤਾ ਕਰੋ ਜਿਸ ਦੇ ਸਿਫ਼ਰ $-\frac{1}{4}$ ਅਤੇ $\frac{1}{4}$ ਹਨ।

6. ਦੋ ਚੱਕਰ ਦੇ ਅਰਧ ਵਿਆਸ ਕ੍ਰਮਵਾਰ 6 ਸਮ ਅਤੇ 8 ਸਮ ਹਨ। ਉਸ ਚੱਕਰ ਦਾ ਅਰਧ ਵਿਆਸ ਪਤਾ ਕਰੋ, ਜਿਸ ਦਾ ਪਰਿਮਾਪ ਇਨ੍ਹਾਂ ਦੋਨਾਂ ਚੱਕਰਾਂ ਦੇ ਪਰਿਮਾਪ ਦੇ ਜੋੜ ਦੇ ਬਰਾਬਰ ਹੈ।

7. ਇੱਕ ਪਾਸੇ ਨੂੰ ਇੱਕ ਵਾਰ ਸੁੱਟਿਆ ਜਾਂਦਾ ਹੈ। ਹੇਠਾਂ ਲਿਖੀ ਸੰਖਿਆ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਪਤਾ ਕਰੋ :
(*i*) ਇੱਕ ਜਿਸਤ ਸੰਖਿਆ (*ii*) 2 ਤੋਂ ਵੱਧ ਸੰਖਿਆ।

## ਭਾਗ — ੲ

**ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ।**

8. ਇੱਕ ਰੇਲਗੱਡੀ ਇੱਕ ਸਮਾਨ ਚਾਲ ਨਾਲ 360 km ਦਾ ਸਫਰ ਤੈਅ ਕਰਦੀ ਹੈ। ਜੇਕਰ ਇਹ ਚਾਲ 5km/h ਵੱਧ ਹੁੰਦੀ ਤਾਂ ਉਹ ਉਸੇ ਸਫ਼ਰ ਲਈ ਇੱਕ ਘੰਟਾ ਘੱਟ ਸਮਾਂ ਲੈਂਦੀ। ਰੇਲਗੱਡੀ ਦੀ ਚਾਲ ਪਤਾ ਕਰੋ।

**ਜਾਂ**

ਜੇਕਰ ਦੋ ਘਾਤੀ ਸਮੀਕਰਣ $2x^2 - 7x + 3 = 0$ ਦੇ ਮੂਲ ਸੰਭਵ ਹੋਣ ਤਾਂ ਦੋ ਘਾਤੀ ਸੂਤਰ ਦਾ ਪ੍ਰਯੋਗ ਕਰਕੇ ਪਤਾ ਕਰੋ।

9. A.P. ..... $7 + 10\frac{1}{2} + 14 + ........ + 84$ ਦਾ ਜੋੜਫਲ ਪਤਾ ਕਰੋ।

10. ਦੱਸੋ ਕਿ ਬਿੰਦੂ (5,1), (3, 2) ਅਤੇ (–11, –2) ਸਮਰੇਖੀ ਹਨ ਜਾਂ ਨਹੀਂ।

11. ਸਿੱਧ ਕਰੋ ਕਿ $\frac{\cos A}{1+\sin A} + \frac{1+\sin A}{\cos A} = 2 \sec A$

12. ਜ਼ਮੀਨ ਦੇ ਇੱਕ ਬਿੰਦੂ ਤੋਂ ਜੋ ਮੀਨਾਰ ਦੇ ਆਧਾਰ ਬਿੰਦੂ ਤੋਂ 30 ਸਮ ਦੀ ਦੂਰੀ 'ਤੇ ਹੈ, ਮੀਨਾਰ ਦੇ ਸਿਖਰ ਦਾ ਉਚਾਣ ਕੋਣ 30° ਹੈ। ਮੀਨਾਰ ਦੀ ਉੱਚਾਈ ਪਤਾ ਕਰੋ।

**ਜਾਂ**

ਮੀਨਾਰ ਦੇ ਆਧਾਰ ਤੋਂ ਇੱਕ ਸਰਲ ਰੇਖਾ 4 ਮੀ:, 9 ਮੀ: ਦੀ ਦੂਰੀ ਤੇ ਸਥਿਤ ਦੋ ਬਿੰਦੂਆਂ ਤੋਂ ਮੀਨਾਰ ਦੇ ਸਿਖਰ ਦੇ ਉਚਾਣ ਕੋਣ ਪੂਰਕ ਹਨ। ਸਿੱਧ ਕਰੋ ਕਿ ਮੀਨਾਰ ਦੀ ਉੱਚਾਈ 6 ਮੀ: ਹੈ।

13. ਜੇਕਰ ਦੋ ਗੋਲਿਆਂ ਦੇ ਆਇਤਨਾਂ ਦਾ ਅਨੁਪਾਤ 64 : 27 ਹੋਵੇ ਤਾਂ ਉਹਨਾਂ ਦੇ ਖੇਤਰਫਲਾਂ ਦਾ ਅਨੁਪਾਤ ਪਤਾ ਕਰੋ।

**ਜਾਂ**

5.5 ਸਮ × 10 ਸਮ × 3.5 ਸਮ ਪਸਾਰਾਂ ਵਾਲਾ ਇੱਕ ਘਣਾਵ ਬਣਾਉਣ ਦੇ ਲਈ 1.75 ਸਮ ਵਿਆਸ ਅਤੇ 2 ਮਿ:ਮੀ: ਮੋਟਾਈ ਵਾਲੇ ਕਿੰਨੇ ਚਾਂਦੀ ਦੇ ਸਿੱਕਿਆਂ ਨੂੰ ਪਿਘਲਾਉਣਾ ਪਵੇਗਾ?

Scanned by CamScanner

## ਭਾਗ — ਸ

**ਨੋਟ : ਹਰੇਕ ਪ੍ਰਸ਼ਨ 6 ਅੰਕਾਂ ਦਾ ਹੋਵੇਗਾ।**

14. ਸਮੀਕਰਣਾਂ ਦੇ ਜੋੜੇ $\frac{3x}{2}-\frac{5y}{3}=-2$ ਅਤੇ $\frac{x}{3}+\frac{y}{2}=\frac{13}{6}$ ਨੂੰ ਪ੍ਰਤਿਸਥਾਪਨ ਵਿਧੀ ਰਾਹੀਂ ਹੱਲ ਕਰੋ।

**ਜਾਂ**

ਜੇਕਰ ਕਿਸੇ ਭਿੰਨ ਦੇ ਹਰ ਅਤੇ ਅੰਸ਼ ਵਿੱਚ 2 ਜੋੜ ਦਿੱਤੇ ਜਾਣ ਤਾਂ ਉਹ $\frac{9}{11}$ ਬਣ ਜਾਂਦੀ ਹੈ। ਪਰੰਤੂ ਜੇਕਰ ਉਸ ਦੇ ਹਰ ਅਤੇ ਅੰਸ਼ ਦੋਹਾਂ ਵਿੱਚ 3 ਜੋੜ ਦਿੱਤੇ ਜਾਣ ਤਾਂ ਉਹ $\frac{5}{6}$ ਬਣ ਜਾਂਦੀ ਹੈ। ਭਿੰਨ ਪਤਾ ਕਰੋ।

15. ਜੇਕਰ ਤ੍ਰਿਭੁਜ ABC ਦੀਆਂ ਭੁਜਾਵਾਂ AB ਅਤੇ BC ਅਤੇ ਮੱਧਿਕਾ AD, $\Delta PQR$ ਦੀਆਂ ਭੁਜਾਵਾਂ PQ ਅਤੇ QR, ਅਤੇ ਮੱਧਿਕਾ PM ਸਮਾਨ ਅਨੁਪਾਤ ਵਿੱਚ ਹੋਣ ਤਾਂ ਸਿੱਧ ਕਰੋ ਕਿ $\Delta ABC \sim \Delta PQR$।

**ਜਾਂ**

ਕੇਂਦਰ 'O' ਵਾਲੇ ਚੱਕਰ ਦੇ ਬਾਹਰੀ ਬਿੰਦੂ T ਤੋਂ ਦੋ ਸਪਰਸ਼ ਰੇਖਾਵਾਂ TP ਅਤੇ TQ ਖਿੱਚੀਆਂ ਗਈਆਂ ਹਨ। ਸਿੱਧ ਕਰੋ ਕਿ $\angle PTQ = 2\angle OPQ$.

16. ਹੇਠਾਂ ਦਿੱਤੀ ਸਾਰਣੀ ਕਿਸੇ ਮੁਹੱਲੇ ਦੇ 25 ਪਰਿਵਾਰਾਂ ਦੇ ਭੋਜਨ ਉੱਪਰ ਹੋਏ ਰੋਜ਼ਾਨਾ ਖਰਚ ਨੂੰ ਦਰਸਾਉਂਦੀ ਹੈ।

| ਰੋਜ਼ਾਨਾ ਖਰਚ (ਰੁ. ਵਿੱਚ) | 50–100 | 100–150 | 150–200 | 200–250 | 250–300 |
|---|---|---|---|---|---|
| ਪਰਿਵਾਰਾਂ ਦੀ ਸੰਖਿਆ | 4 | 5 | 12 | 2 | 2 |

ਭੋਜਨ ਉੱਪਰ ਹੋਏ ਰੋਜ਼ਾਨਾ ਖਰਚ ਦਾ ਮੱਧਮਾਨ ਕਾਲਪਨਿਕ ਮੱਧਮਾਨ ਵਿਧੀ ਦੁਆਰਾ ਪਤਾ ਕਰੋ।

**ਜਾਂ**

ਹੇਠ ਦਿੱਤੀ ਹੋਈ ਵੰਡ ਸਾਰਣੀ ਇੱਕ ਜਮਾਤ ਦੇ 30 ਵਿਦਿਆਰਥੀਆਂ ਦੇ ਵਜ਼ਨ (ਭਾਰ) ਨੂੰ ਦਰਸਾਉਂਦੀ ਹੈ। ਵਿਦਿਆਰਥੀਆਂ ਦਾ ਮੱਧਿਕਾ ਭਾਰ ਪਤਾ ਕਰੋ।

| ਭਾਰ (ਕਿ: ਗ੍ਰਾਮ ਵਿੱਚ) | 45–50 | 50–55 | 55–65 | 60–65 | 65–70 | 70–75 | 75–80 |
|---|---|---|---|---|---|---|---|
| ਵਿਦਿਆਰਥੀਆਂ ਦੀ ਸੰਖਿਆ | 2 | 3 | 8 | 6 | 6 | 3 | 2 |

## ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ

**1.** (*i*) (*c*), (*ii*) (*c*), (*iii*) (*b*), (*iv*) (*c*), (*v*) (*b*), (*vi*) (*a*), (*vii*) (*c*), (*viii*) (*a*), (*ix*) (*b*), (*x*) (*a*), (*xi*) (*d*), (*xii*) (*c*), (*xiii*) (*c*), (*xiv*) (*c*), (*xv*) (*d*), (*xvi*) (*a*)

**2.** (*i*) ਗਲਤ, (*ii*) ਗਲਤ, (*iii*) ਸਹੀ, (*iv*) ਗਲਤ, (*v*) ਸਹੀ, (*vi*) ਗਲਤ, (*vii*) ਗਲਤ

**3.** (*i*) ਇੱਕ, (*ii*) ਸਮਰੂਪ, (*iii*) $\sec\theta + \tan\theta$, (*iv*) $\pi r + d$, (*v*) $S^2$, (*vi*) ਬਹੁਲਕ, (*vii*) 0 ਅਤੇ 1

Scanned by CamScanner